# ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਵੌਇਸ 'ਤੇ ਰੈਫਰੈਂਡਮ

ਜਲਦੀ ਹੀ ਆਸਟ੍ਰੇਲੀਆਈ ਵੋਟਰਾਂ ਨੂੰ ਰੈਫਰੈਂਡਮ ਵਿੱਚ ਵੋਟ ਪਾਉਣ ਲਈ ਕਿਹਾ ਜਾਵੇਗਾ। ਰੈਫਰੈਂਡਮ ਵਿੱਚ ਪੁੱਛਿਆ ਜਾਵੇਗਾ ਕਿ ਕੀ ਸੰਵਿਧਾਨ ਵਿੱਚ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਵੌਇਸ ਟੂ ਪਾਰਲੀਮੈਂਟ ਹੋਣੀ ਚਾਹੀਦੀ ਹੈ ਜਾਂ ਨਹੀਂ। ਪਾਰਲੀਮੈਂਟ ਉਹ ਸੰਸਥਾ ਹੈ ਜੋ ਆਸਟ੍ਰੇਲੀਆ ਲਈ ਕਾਨੂੰਨ ਬਣਾਉਂਦੀ ਹੈ।

## 'ਵੌਇਸ ਟੂ ਪਾਰਲੀਮੈਂਟ' ਕੀ ਹੈ?

ਵੌਇਸ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਲਈ ਉਹਨਾਂ ਕਾਨੂੰਨਾਂ ਬਾਰੇ ਸਰਕਾਰ ਨੂੰ ਸਲਾਹ ਦੇਣ ਦਾ ਇੱਕ ਤਰੀਕਾ ਹੈ ਜੋ ਉਹਨਾਂ ਨੂੰ ਪ੍ਰਭਾਵਿਤ ਕਰਦੇ ਹਨ। ਸੰਵਿਧਾਨ ਵਿੱਚ 'ਵੌਇਸ' ਨੂੰ ਸ਼ਾਮਿਲ ਕਰਨ ਦਾ ਮਤਲਬ ਹੋਵੇਗਾ ਕਿ ਇਹ ਵੌਇਸ ਸਰਕਾਰ ਨੂੰ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਦਿਆਂ 'ਤੇ ਸਲਾਹ ਪ੍ਰਦਾਨ ਕਰਨ ਵਿੱਚ ਸਥਾਈ ਭੂਮਿਕਾ ਹੋਵੇਗੀ। 'ਵੌਇਸ ਟੂ ਪਾਰਲੀਮੈਂਟ' ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਲਈ ਸੰਵਿਧਾਨਕ ਤੌਰ 'ਤੇ ਮਾਨਤਾ ਪ੍ਰਾਪਤ ਕਰਨ ਅਤੇ ਉਨ੍ਹਾਂ ਦੇ ਸੱਭਿਆਚਾਰ ਨੂੰ ਮਾਨਤਾ ਦੇਣ ਅਤੇ ਜਸ਼ਨ ਮਨਾਉਣ ਦਾ ਇੱਕ ਮੌਕਾ ਹੋਵੇਗਾ।

## ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕ 'ਵੌਇਸ ਟੂ ਪਾਰਲੀਮੈਂਟ' ਦੀ ਕਿਉਂ ਮੰਗ ਕਰ ਰਹੇ ਹਨ?

ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕ ਲਗਭਗ 100 ਸਾਲਾਂ ਤੋਂ ਸਰਕਾਰ ਦੁਆਰਾ ਮਾਨਤਾ ਦਿੱਤੇ ਜਾਣ ਦੀ ਮੰਗ ਕਰ ਰਹੇ ਹਨ। ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕ ਆਪਣੇ ਭਾਈਚਾਰਿਆਂ ਅਤੇ ਸੱਭਿਆਚਾਰ ਨੂੰ ਸਭ ਤੋਂ ਵੱਧ ਚੰਗੀ ਤਰ੍ਹਾਂ ਜਾਣਦੇ ਹਨ। ਉਹ ਆਪਣੇ ਭਾਈਚਾਰੇ ਨੂੰ ਦਰਪੇਸ਼ ਆਉਂਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਸਭ ਤੋਂ ਵਧੀਆ ਹੱਲ ਜਾਣਦੇ ਹਨ ਜੋ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਲਈ ਇੱਕ ਵਧੇਰੇ ਨਿਰਪੱਖ, ਵਧੇਰੇ ਬਰਾਬਰੀ ਵਾਲਾ ਅਨੁਭਵ ਪੈਦਾ ਕਰ ਸਕਦੇ ਹਨ।

## 'ਵੌਇਸ ਟੂ ਪਾਰਲੀਮੈਂਟ' ਕੀ ਕਰੇਗੀ?

ਵੌਇਸ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਦੀ ਉਨ੍ਹਾਂ ਮਾਮਲਿਆਂ ਬਾਰੇ ਸਲਾਹ ਸੁਣੇਗੀ ਜੋ ਉਹਨਾਂ ਦੇ ਜੀਵਨ ਨੂੰ ਪ੍ਰਭਾਵਿਤ ਕਰਦੇ ਹਨ, ਤਾਂ ਕਿ ਸਰਕਾਰ ਬਿਹਤਰ ਫ਼ੈਸਲੇ ਲੈ ਸਕੇ ਜੋ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਨੂੰ ਪ੍ਰਭਾਵਿਤ ਕਰਦੇ ਹਨ।

## 'ਵੌਇਸ ਟੂ ਪਾਰਲੀਮੈਂਟ' ਦੀ ਨੁਮਾਇੰਦਗੀ ਕੌਣ ਕਰੇਗਾ?

ਵੌਇਸ ਰਿਮੋਟ ਇਲਾਕਿਆਂ ਦੇ ਖੇਤਰਾਂ ਸਮੇਤ ਹਰ ਰਾਜ ਅਤੇ ਪ੍ਰਦੇਸ਼ ਦੇ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਦਾ ਇੱਕ ਸਮੂਹ ਹੋਵੇਗਾ। ਇਨ੍ਹਾਂ ਨੁਮਾਇੰਦਿਆਂ ਦੀ ਚੋਣ ਉਨ੍ਹਾਂ ਦੇ ਸਥਾਨਕ ਖੇਤਰ ਵਿਚਲੇ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਦੁਆਰਾ ਕੀਤੀ ਜਾਵੇਗੀ।

## ਕੀ 'ਵੌਇਸ ਟੂ ਪਾਰਲੀਮੈਂਟ' ਬਾਰੇ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਨਾਲ ਸਲਾਹ ਕੀਤੀ ਗਈ ਹੈ?

ਹਜ਼ਾਰਾਂ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਨੇ ਸਲਾਹ ਦਿੱਤੀ ਹੈ ਕਿ 'ਦਾ ਵੌਇਸ' ਦੀ ਕਿਉਂ ਲੋੜ ਹੈ ਅਤੇ ਇਸਨੂੰ ਕਈ ਸਾਲਾਂ ਤੱਕ ਕਿਵੇਂ ਕੰਮ ਕਰਨਾ ਚਾਹੀਦਾ ਹੈ। 80% ਤੋਂ ਵੱਧ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕ 'ਵੌਇਸ ਟੂ ਪਾਰਲੀਮੈਂਟ' ਦਾ ਸਮਰਥਨ ਕਰਦੇ ਹਨ।

## ਇਸ ਬਾਰੇ ਕਾਨੂੰਨੀ ਮਾਹਿਰ ਕੀ ਕਹਿੰਦੇ ਹਨ?

ਫੈਡਰਲ ਸਰਕਾਰ ਦੀ ਨੁਮਾਇੰਦਗੀ ਕਰਨ ਵਾਲੇ ਵਕੀਲਾਂ ਸਮੇਤ ਸੰਵਿਧਾਨਕ ਵਕੀਲਾਂ ਨੇ ਕਿਹਾ ਹੈ ਕਿ 'ਦਾ ਵੌਇਸ' ਕਾਨੂੰਨੀ ਤੌਰ 'ਤੇ ਸਹੀ ਹੈ ਅਤੇ ਸਾਡੀ ਸਰਕਾਰ ਦੀ ਪ੍ਰਣਾਲੀ ਨੂੰ ਬਿਹਤਰ ਬਣਾਏਗੀ।



ਅਧਿਕਾਰਤ ਕੀਤਾ ਗਿਆ Tabatha Feher, Life Without Barriers, L6, 107 Pitt St, Sydney, NSW.

## ਕੀ 'ਦਾ ਵੌਇਸ' ਕਾਨੂੰਨ ਬਣਾ ਸਕਦੀ ਹੈ?

ਨਹੀਂ। 'ਦਾ ਵੌਇਸ' ਕੋਲ ਕਾਨੂੰਨ ਬਣਾਉਣ ਦੀ ਸ਼ਕਤੀ ਨਹੀਂ ਹੋਵੇਗੀ। ਇਹ ਕੇਵਲ ਉਹਨਾਂ ਮਾਮਲਿਆਂ ਬਾਰੇ ਸਲਾਹ ਪ੍ਰਦਾਨ ਕਰੇਗਾ ਜੋ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਨੂੰ ਪ੍ਰਭਾਵਿਤ ਕਰਦੇ ਹਨ।

## ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਵੌਇਸ ਰੈਫਰੈਂਡਮ ਕੀ ਸਵਾਲ ਪੁੱਛੇਗਾ?

"ਇੱਕ ਪ੍ਰਸਤਾਵਿਤ ਕਾਨੂੰਨ: ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਵੌਇਸ ਸਥਾਪਤ ਕਰਕੇ ਆਸਟ੍ਰੇਲੀਆ ਦੇ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਨੂੰ ਮਾਨਤਾ ਦੇਣ ਲਈ ਸੰਵਿਧਾਨ ਨੂੰ ਬਦਲਣਾ। ਕੀ ਤੁਸੀਂ ਇਸ ਪ੍ਰਸਤਾਵਿਤ ਤਬਦੀਲੀ ਨੂੰ ਮਨਜ਼ੂਰੀ ਦਿੰਦੇ ਹੋ?"

## ਮੈਂ ਇਸ ਰੈਫਰੈਂਡਮ ਵਿੱਚ ਵੋਟ ਕਿਵੇਂ ਪਾਵਾਂ?

ਰੈਫਰੈਂਡਮ ਵੀ ਚੋਣਾਂ ਵਾਂਗ ਹੀ ਹੁੰਦੇ ਹਨ। ਤੁਹਾਨੂੰ ਉੱਪਰ ਦਿੱਤੇ ਸਵਾਲ ਨਾਲ ਇੱਕ ਬੈਲਟ ਪੇਪਰ ਦਿੱਤਾ ਜਾਵੇਗਾ ਅਤੇ ਆਪਣੀ ਵੋਟ ਦੀ ਗਿਣਤੀ ਕਰਵਾਉਣ ਲਈ ਤੁਹਾਨੂੰ ਇਸ ਉੱਪਰ ਅੰਗਰੇਜ਼ੀ ਵਿੱਚ 'YES' (ਹਾਂ) ਜਾਂ 'NO' (ਨਹੀਂ) ਲਿਖਣ ਦੀ ਲੋੜ ਹੋਵੇਗੀ। ਜੇਕਰ ਤੁਸੀਂ 'YES' ਲਿਖਦੇ ਹੋ ਤਾਂ ਇਸਦਾ ਮਤਲਬ ਹੈ ਕਿ ਤੁਸੀਂ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਦੀ ਉਹਨਾਂ ਮਾਮਲਿਆਂ 'ਤੇ 'ਦਾ ਵੌਇਸ (ਆਵਾਜ਼)' ਉਠਾਉਣੀ ਚਾਹੀਦੀ ਹੈ ਜੋ ਉਹਨਾਂ 'ਤੇ ਸਿੱਧਾ ਅਸਰ ਪਾਉਂਦੇ ਹਨ।

## ਜੇਕਰ ਬਹੁਗਿਣਤੀ ਲੋਕ YES (ਹਾਂ) ਵਿੱਚ ਵੋਟ ਦਿੰਦੇ ਹਨ ਤਾਂ ਕੀ ਹੋਵੇਗਾ?

ਜੇਕਰ ਬਹੁਗਿਣਤੀ ਲੋਕ 'ਦਾ ਵੌਇਸ' ਲਈ Yes ਵਿੱਚ ਵੋਟ ਦਿੰਦੇ ਹਨ, ਤਾਂ ਸਰਕਾਰ ਫਿਰ ਇਸਦੇ ਡਿਜ਼ਾਇਨ ਨੂੰ ਅੰਤਿਮ ਰੂਪ ਦੇਣ ਲਈ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਨਾਲ ਸਲਾਹ-ਮਸ਼ਵਰਾ ਕਰੇਗੀ ਅਤੇ 'ਦਾ ਵੌਇਸ' ਸਥਾਪਤ ਕਰਨ ਲਈ ਸੰਬੰਧਿਤ ਕਾਨੂੰਨ ਪਾਸ ਕਰੇਗੀ।

## ਜੇਕਰ ਬਹੁਗਿਣਤੀ ਲੋਕ NO (ਨਹੀਂ) ਵਿੱਚ ਵੋਟ ਦਿੰਦੇ ਹਨ ਤਾਂ ਕੀ ਹੋਵੇਗਾ?

ਜੇਕਰ ਬਹੁਗਿਣਤੀ ਲੋਕ 'NO' ਵਿੱਚ ਵੋਟ ਦਿੰਦੇ ਹਨ, ਤਾਂ ਕੁੱਝ ਨਹੀਂ ਬਦਲੇਗਾ। ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਨੂੰ ਦਰਪੇਸ਼ ਆਉਣ ਵਾਲੇ ਮੁੱਦੇ ਜਾਰੀ ਰਹਿਣਗੇ। 'No' ਵਿੱਚ ਵੋਟ ਪਾਉਣ ਦਾ ਮਤਲਬ ਹੈ ਕਿ ਤੁਸੀਂ 'ਦਾ ਵੌਇਸ' ਨੂੰ ਨਹੀਂ ਵਿੱਚ ਵੋਟ ਦਿੱਤਾ ਹੈ, ਇਸ ਰੈਫਰੈਂਡਮ ਵਿੱਚ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਦਾ ਸਮਰਥਨ ਕਰਨ ਦਾ ਹੋਰ ਕੋਈ ਵਿਕਲਪ ਨਹੀਂ ਹੈ।

## ਮੈਨੂੰ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

**ਹੋਰ ਜਾਣਕਾਰੀ**

www.lwb.org.au



ਅਧਿਕਾਰਤ ਕੀਤਾ ਗਿਆ Tabatha Feher, Life Without Barriers, L6, 107 Pitt St, Sydney, NSW.